# ਜਸ ਮੰਡ

ਮੋਸਕੋ ਦੀ ਗੱਲ ਇਹ ਹੈ ਕਿ ਬਈ ਅਸੀਂ, ਮੈਂ 1977 ਵਿੱਚ ਮੋਸਕੋ ਜਦੋਂ ਗਿਆ ਤੇ ਉਹਤੋਂ ਪਹਿਲਾਂ ਪੰਜਾਬੀ ਸਾਹਿਤ ਪੜ੍ਹਦੇ ਤਾਂ ਸੀ ਪਰ ਬਈ ਇਹ ਨਹੀਂ ਸੀ ਕਿ ਕੋਈ ਐਕਟਿਵਿਸਟ ਦੇ ਤੌਰ ਤੇ ਜਾਂ ਕੋਈ ਸਾਹਿਤ ਸੰਭਾਵਾਨਾਂ ਦੇ ਵਿੱਚ ਆਉਣਾ ਜਾਣਾ ਸੀ। ਪਰ ਜਦੋਂ ਅਸੀਂ ਮੋਸਕੋ ਪਾਹੁੰਚੇ, ਤੇ ਉਥੇ ਕੁਛ ਹਿੰਦੁਸਤਾਨੀ ਪੰਜਾਬ ਤੋਂ ਸਟੂਡੈਂਟਸ ਸੀ ਕੁਛ ਪਾਕਿਸਤਾਨੀ ਪੰਜਾਬ ਤੋਂ। (MISSING FROM 1:10 - 1:59)

ਮੈਂ ਇਕ ਔਰਗਨਾਈਜੇਸ਼ਨ ਬਣਾਈ, ਜਿਹਦਾ ਪਹਿਲਾਂ ਅਸੀਂ ਨਾਂ ਸੋਚਿਆ ਜਿੱਦਾਂ ਪੰਜਾਬ ਵਿੱਚ ਸੀਗੇ ਹੀ ਪੰਜਾਬੀ ਸਾਹਿਤ ਸਭਾ, ਤੇ, ਪਰ 'ਸਾਹਿਤ' ਤੇ 'ਸਭਾ' ਦੋਨੋਂ ਹੀ ਲਫਜ਼ ਜਿਹੜੇ ਸੀ ਉਹ ਪਾਕਿਸਤਾਨੀ ਪੰਜਾਬੀਆਂ ਲਈ 'ਸੰਸਕ੍ਰਿਟਾਈਜਡ' ਲਫਜ਼ ਹੈ। ਇਸ ਕਰਕੇ ਉਹਨਾਂ ਦੇ ਜਿਹੜੇ ਸਾਹਿਤ ਲਈ 'ਅਦਬ' ਵਰਤਦੇ ਸੀ, ਸਭਾ ਲਈ 'ਸੰਗਤ' ਵਰਤਦੇ ਸੀ ਲਫਜ਼। ਸੋ ਅਸੀਂ ਦੋਨਾਂ ਨੂੰ ਮਿਲਾ ਕੇ ਇਕ 'ਪੰਜਾਬੀ ਸਾਹਿਤ ਸੰਗਤ' ਨਾਂ ਦੀ ਔਰਗਨਾਈਜੇਸ਼ਨ ਬਣਾ ਲਈ, ਜਿਹਦੀਆਂ ਅਸੀਂ ਹਰ ਮਹੀਨੇ ਬੈਠਕਾਂ ਕਰਦੇ ਸੀ ਔਰ ਉਹਨਾਂ ਬੈਠਕਾਂ ਵਿੱਚ ਜਿਹੜਾ ਪਹਿਲਾਂ ਲਿਖਿਆ ਜਾ ਚੁੱਕਿਆ ਸਾਹਿਤ ਹੈ, ਸਾਡੇ ਦੋਵਾਂ ਪੰਜਾਬਾਂ ਵਿੱਚ, ਉਹਨਾਂ ਦੀ ਗੱਲ ਵੀ ਕਰਦੇ ਸੀ ਤੇ ਜਿਹੜਾ ਉਦੋਂ ਲਿਖਿਆ ਜਾ ਰਿਹਾ ਸਾਹਿਤ ਸੀ, ਉਹਨਾਂ ਬਾਰੇ ਵੀ ਗੱਲ ਕਰਦੇ ਸੀ। ਜੇ ਕੋਈ ਆਪ ਲਿਖਦਾ ਸੀ ਸਾਡੇ ਵਿਚੋਂ, ਕੋਈ ਛੋਟਾ-ਮੋਟਾ ਕੁਛ ਕਰਦਾ ਸੀ ਕੋਈ, ਤੇ ਉਹਦੇ ਬਾਰੇ ਵੀ ਗੱਲ ਕਰਦੇ ਸੀ ਔਰ ਜੇ ਕੋਈ ਰਾਈਟਰ ਪੰਜਾਬ ਤੋਂ ਆ ਗਿਆ ਜਾਂ ਮੋਸਕੋ ਵਿੱਚ ਰਹਿ ਰਹੇ ਰਾਈਟਰਜ ਆ, ਤੇ ਉਹਨਾਂ ਨੂੰ ਵੀ ਕਦੀ-ਕਦੀ ਬੁਲਾ ਕੇ ਉਹਨਾਂ ਨਾਲ ਵੀ ਮੁਲਾਕਾਤਾਂ ਕਰਦੇ ਸੀ। ਸੋ, ਉਹ ਸਿਲਸਲਾ ਜਿਹੜਾ ਸੀ, ਅਸੀਂ ਜਿਨਾ ਚਿਰ ਮੈਂ ਮੋਸਕੋ ਰਿਹਾ ਨੌਂ ਸਾਲ, ਅਗਲੇ ਨੌਂ ਸਾਲ, ਅਸੀਂ ਉਹ ਸਿਲਸਿਲਾ ਉੱਥੇ ਚਲਾਉਂਦੇ ਰਹੇ ਔਰ ਇਹ ਮਤਲਬ ਇਹ ਤਾਂ ਨਹੀਂ ਕਹਿ ਸਕਦੇ ਕਿ ਉਸ ਜਿਹੜਾ ਐਕਸਪੈਰੀਮੈਂਟ ਹੈ, ਉਹਨੇ ਸਾਨੂੰ ਕੋਈ ਸਾਹਿਤ ਰਚਨ ਲਈ ਉਦੋਂ ਕੋਈ ਪ੍ਰੇਰਨਾ ਦਿੱਤੀ ਹੈ। ਕੋਈ ਅਸੀਂ ਇਦਾਂ ਦਾ, ਇਦਾਂ ਦਾ ਸਾਹਿਤ ਉਥੇ ਬੈਠ ਕੇ ਕਿਸੇ ਨੇ ਵੀ ਨਹੀਂ ਰਚਿਆ। ਪਰ ਇਹ ਹੈ ਕਿ ਸਾਹਿਤ ਨੂੰ ਸਮਝਣ ਲਈ ਅਸੀਂ ਇਕ ਉਪਰਾਲਾ ਜਰੂਰ ਇਸ ਸਭਾ ਰਾਹੀਂ ਕੀਤਾ ਸੀ।

ਮੋਸਕੋ ਵਿੱਚ ਐਕਚੁਲੀ ਇਕ ਤਾਂ, ਦੋ ਪੰਜਾਬੀ ਟ੍ਰਾਂਸਲੇਟਰ ਉਥੇ ਕੰਮ ਕਰਦੇ ਸੀਗੇ, ਉਹ ਸਾਡੇ ਵੇਲਿਆਂ ਵਿਚ, ਇਕ ਤਾਂ ਸੀਗੇ ਪ੍ਰੀਤਮ ਸਿੰਘ ਮਨਚੰਦਾ, ਤੇ ਇਕ ਸੀਗੇ ਡਾਕਟਰ ਕਰਨਜੀਤ ਸਿੰਘ। ਪ੍ਰੀਤਮ ਸਿੰਘ ਮਨਚੰਦਾ ਨੇ ਬਹੁਤ ਟ੍ਰਾਂਸਲੇਸ਼ਨ ਕੀਤੀ। ਜਿਹੜੀਆਂ, ਜਿਹੜੀ ਅੱਜ੍ਹ ਵੀ ਸਾਡੇ ਕੋਲ ਅਵੇਲੇਬਲ ਹੈਗੀ ਹੈ, ਜਿਹੜੇ ਡਾਕਟਰ ਕਰਨਜੀਤ ਸਿੰਘ ਹੈਗੇ ਆ, ਉਹ ਇਹਦੇ ਤੋਂ ਇਲਾਵਾ ਕਿ ਉਹ ਉਥੇ ਟ੍ਰਾਂਸਲੇਟਰ ਦਾ ਕੰਮ ਕਰਦੇ ਸੀ, ਉਹ ਆਪ ਵੀ ਇਕ ਪੋਇਟ ਵੀ ਆ ਅਤੇ ਆਲੋਚਕ ਵੀ ਆ। ਇਸ ਕਰਕੇ ਅਸੀਂ, ਜਿਆਦਾ ਰਾਬਤਾ ਜਿਹੜਾ ਸੀ ਸਾਡਾ ਉਸ ਸਭਾ ਦਾ, ਉਹ ਡਾਕਟਰ ਕਰਨਜੀਤ ਸਿੰਘ ਨਾਲ ਸੀਗਾ। ਤੇ ਡਾਕਟਰ ਕਰਨਜੀਤ ਸਿੰਘ ਕੋਲ ਜਿਹੜੇ ਵੀ ਹੋਰ ਕੋਈ ਸਾਹਿਤਕਾਰ ਵੀ ਆਉਂਦੇ ਸੀਗੇ ਉਨ੍ਹਾਂ ਨੂੰ ਵੀ ਅਸੀਂ ਸੱਦਦੇ ਸੀ।

ਜਿਹੜੀ, ਜਿਹੜਾ ਮੈਨੂੰ ਸਭ ਤੋਂ ਜਿਆਦਾ ਮੈਮੋਰੇਬਲ ਮੇਰੇ ਖ਼ਿਆਲ 'ਚ ਸਾਡੇ ਲਈ ਉਸ ਸਭਾ ਲਈ ਇਕ ਗੱਲ ਸੀ, ਉਹ ਸੀ ਕਿ ਜਦੋਂ ਫ਼ੈਜ਼ ਅਹਿਮਦ ਫ਼ੈਜ਼ ਜਦੋਂ ਵੀ ਮੋਸਕੋ ਆਉਂਦੇ ਸੀ, ਉਹ ਲੱਗਭੱਗ ਸਾਲ, ਹਰ ਸਾਲ ਹੀ ਆਉਂਦੇ ਸੀ ਸਾਲ ਦੋ ਸਾਲਾਂ ਬਾਅਦ, ਅਸੀਂ ਉਨ੍ਹਾਂ ਨੂੰ ਜਰੂਰ ਸੱਦਦੇ ਸੀ। ਔਰ ਪਹਿਲਾਂ ਤਾਂ ਉਹ ਸਿਰਫ਼ ਆਪਣੀ ਉਹ ਜਿਹੜੀ 'ਪੰਜਾਬੀ ਸਾਹਿਤ ਸੰਗਤ' ਆ ਉਹਦੇ ਵਿਚ ਹੀ ਉਨ੍ਹਾਂ ਨੂੰ ਸੱਦਿਆ। ਪਰ ਫੇਰ ਅਸੀਂ

ਸੋਚਿਆ ਕਿ ਇਹ ਇਕ ਬਿਲਕੁਲ ਛੋਟੀ ਜੀ ਸਭਾ ਹੈ ਜਿਹਦੇ ਵਿਚ ਸਿਰਫ 15 ਤੋਂ 20 ਜਾਣੇ ਹੀ ਸ਼ਮੂਲੀਅਤ ਕਰਦੇ ਸੀ। ਫੇਰ ਉਹਦੇ ਤੋਂ ਬਾਅਦ ਅਸੀਂ ਜਿਹੜੀਆਂ ਉਨ੍ਹਾਂ ਨਾਲ, ਜਿਹੜੀਆਂ ਕਹਿ ਲੋ ਕਿ, ਰੂਬਰੂ ਹੈਗੀ ਹੈ ਫੈਜ਼ ਹੁਣਾਂ ਨਾਲ ਰੂਬਰੂ, ਉਹ ਅਸੀਂ ਫ਼ੇਰ ਸਾਰੇ ਪਾਕਿਸਤਾਨੀਆਂ ਨੂੰ ਤੇ ਸਾਰੇ ਹਿੰਦੁਸਤਾਨੀਆਂ ਨੂੰ ਵੀ ਸੱਦ ਕੇ, ਸੱਦ ਲੈਂਦੇ ਸੀ। ਉਹ ਜਿਹੜੀ ਇਕ ਬੜੀ ਐਸੋਸੀਏਸ਼ਨ ਸੀ, ਜਿਹਦੇ ਵਿਚ 3-4 ਸੌ ਮੈਂਬਰ ਸੀ, ਉਹਦੇ ਵਿਚ ਉਹਨ੍ਹਾਂ ਨੂੰ ਸੱਦ ਕੇ ਅਸੀਂ ਉਹਨ੍ਹਾਂ ਤੋਂ ਫੇਰ, ਉਹ ਫੇਰ ਪੰਜਾਬੀ ਤੱਕ ਸੀਮਤ ਨਹੀਂ ਸੀ ਰਹਿੰਦੀ ਗੱਲ, ਉਹ ਤਾਂ ਬੇਸੀਕਲੀ, ਜਿਆਦਾਤਰ ਉਹ ਉਰਦੂ ਵਿਚ ਲਿਖਦੇ ਸੀਗੇ, ਇਸ ਕਰਕੇ ਉਹ ਉਰਦੂ ਸ਼ਾਇਰੀ ਬਾਰੇ ਗੱਲ ਹੁੰਦੀ ਸੀਗੀ ਪਰ ਉਦੋਂ ਦੀਆਂ ਕਈ ਲੋਕਾਂ ਨੇ ਕਈ ਵਾਰ ਮੈਨੂੰ ਗੱਲ ਯਾਦ ਕਰਾਈ ਹੈ ਕਿ ਜਦੋਂ ਵੀ ਅਸੀਂ ਉਹ ਫੈਜ਼ ਹੁਣਾਂ ਦੇ ਨਾਲ ਕੋਈ ਮੁਲਾਕਾਤ ਕਰਦੇ ਸੀ, ਤੇ ਮੈਂ ਵਿਚੋਂ ਉਠ, ਅਖ਼ੀਰ ਵਿਚ ਉਠ ਕੇ ਇਹ ਜਰੂਰ ਕਹਿੰਦਾ ਸੀ ਵੀ ਪੰਜਾਬੀ ਚ ਕੁਛ ਸੁਣਾਓ, ਤੇ 2-3 ਜਰੂਰ ਨਜ਼ਮਾ ਆਖ਼ੀਰ ਵਿਚ ਉਹਨਾਂ ਤੋਂ ਪੰਜਾਬੀ ਵੀ ਅਸੀਂ ਸੁਣਦੇ ਸੀ , ਇਹ ਵੱਡੀ ਹੈ। ਬਾਕੀ ਤਾਂ ਜਿਹੜੇ ਵੀ ਹੋਰ ਕੋਈ ਆਉਂਦਾ ਸੀ ਉਥੇ ਹੈ ਨਾ, ਕਾਮਰੇਡ ਜਗਜੀਤ ਸਿੰਘ ਆਨੰਦ ਆਏ, ਅਸੀਂ ਉਨ੍ਹਾਂ ਨੂੰ ਵੀ ਉਸ ਸਭਾ ਵਿਚ ਸੱਦ ਕੇ ਦੱਸਿਆ, ਅਸਲ ਵਿਚ ਇਹ ਇੱਕ ਕਿਸਮ ਦੀ ਸਾਡੀ ਆਪਣੀ ਕਹਿਲੋ ਕਿ ਬਈ ਇਕ ਹੁੱਭ ਵੀ ਸੀ ਕਿ ਅਸੀਂ ਇੱਥੇ ਇਹ ਕੰਮ ਕਰ ਰਹੇ ਹਾਂ ਔਰ ਜਿਹੜੇ ਉਹ ਲੋਕ ਆਉਂਦੇ ਸੀ ਉਹ ਸਾਡੇ ਕੋਲ ਆ ਵੀ ਜਾਂਦੇ ਸੀ ਤੇ ਜਿਹੜਾ ਸਾਨੂੰ ਚੰਗਾ ਵੀ ਲੱਗਦਾ ਸੀ।

ਅਸੀਂ ਅਸਲ ਵਿਚ ਉਥੇ ਇਕ ਸਿਲਸਲਾ ਇਹ ਸ਼ੁਰੂ ਕੀਤਾ, ਅਸੀਂ ਹੋਸਟਲ ਵਿਚ ਰਹਿੰਦੇ ਸੀ ਸਾਰੇ ਹੀ, ਸੋ ਅਸੀਂ ਇਹ ਪਹਿਲਾਂ ਤੋਂ ਹੀ ਮਿੱਥ ਲਿਆ ਸੀ ਕਿ ਹਰ ਮਹੀਨੇ ਅਗਲੀ ਬੈਠਕ ਕਿੱਥੇ ਹੋਏਗੀ ਉਹਦੇ ਬਾਰੇ ਫੈਸਲਾ ਕਰ ਲੈਂਦੇ ਸੀ। ਔਰ ਅਲੱਗ ਅਲੱਗ ਕਮਰਿਆਂ ਵਿਚ ਅਲੱਗ ਅਲੱਗ ਬੰਦੇ ਜਿੱਥੇ ਕਿਥੇ ਜਿਹੜੇ ਹੋਸਟਲਾਂ ਵਿਚ ਜਾ ਕੇ ਕਰਦੇ ਸੀ, ਉਹ ਉਸ ਕਮਰੇ ਵਾਲੇ ਦਾ ਹੀ ਕੰਮ ਹੁੰਦਾ ਸੀ ਕਿ ਇੱਕ ਕੇਕ ਤੇ ਨਾਲ ਚਾਹ ਬਣਾਉਣ ਦਾ ਕੰਮ, ਇਹ ਉਹ ਕਰਦਾ, ਉਹ ਕਰਦੇ ਸੀ, ਬਾਕੀ ਸਾਡਾ ਕੋਈ ਖਰਚਾ ਨਹੀਂ ਸੀ, ਅਸੀਂ ਹੋਸਟਲਾਂ ਵਿਚ ਹੀ ਰਹਿੰਦੇ ਸੀ, ਆਪ ਆ ਜਾਂਦੇ ਸੀ, ਜੇ ਅਸੀਂ ਕਿਸੇ ਨੂੰ ਸੱਦਦੇ ਵੀ ਸੀ, ਜਿੱਦਾਂ ਮੋਸਕੋ ਤੋਂ ਹੀ ਕੋਈ ਆ ਰਿਹਾ ਤੇ ਉਹ ਤਾਂ ਕੋਈ ਐਸੀ ਗੱਲ ਨਹੀਂ ਸੀ, ਉਹ ਆ ਜਾਂਦੇ ਸੀ ਦਸ ਪੰਦਰਾਂ ਕੋਪਿਕ ਖ਼ਰਚਾ ਆਉਂਦਾ ਸੀ ਅਗਲੇ ਦਾ, ਬੱਸ 'ਚ ਆਏ ਜਾਂ ਮੈਟਰੋ 'ਚ ਆਏ। ਸੋ ਉਹ ਕੋਈ ਖ਼ਰਚੇ ਵਾਲੀ ਗੱਲ ਸੀ ਨਹੀਂ, ਸਿਰਫ ਇਹ ਹੈ ਕਿ ਸੁਭਾਵਾਂ ਜਿਹੜੀਆਂ ਨੇ ਕਿ ਉਹੋ ਥੋੜੀਆਂ ਚਾਹ ਪਾਣੀ ਮਿਲਦਾ ਰਹੇ ਤੇ ਇਕ ਕੇਕ ਤੇ ਚਾਹ ਦਾ ਪ੍ਰਬੰਧ ਜਿਹੜੇ ਅਸੀਂ ਕਮਰੇ ਚ ਕਰਦੇ ਸੀ, ਉਥੇ ਹੁੰਦਾ ਸੀ। ਉਹ ਫੇਰ ਸਾਲ ਕ ਬਾਅਦ ਵਾਰੀ ਆਉਂਦੀ ਸੀ, ਸਾਲ ਡੇਢ ਸਾਲ ਬਾਦ ਵਾਰੀ। ਮਤਲਬ ਕੋਈ ਫਾਈਨੈਂਸ਼ਨਲ ਬਰਡਨ ਸੀ ਹੀ ਨਹੀਂ।

ਅਸਲ ਵਿਚ ਮੈਂ ਜਿਹੜੇ ਇਹ, ਜਿਹੜੀ ਸਾਡੇ ਪੰਜਾਬ ਦੀ ਨਵੀਂ ਜਨਰੇਸ਼ਨ ਸੀ, ਅਸੀਂ ਮਤਲਬ ਨਵੀਂ ਜਨਰੇਸ਼ਨ ਨੂੰ ਹੀ ਬੀਲੌਂਗ ਕਰਦੇ ਸੀ, ਅਸੀਂ, ਜਿਹੜੀ ਸਾਡੇ ਕੋਲ ਫ਼ਾਰਸੀ ਵੋਕੈਵਲਰੀ ਸੀ ਨਾ, ਉਹ ਗ਼ੈਰਹਾਜਰ ਸੀ। ਅਸੀਂ ਜਿਹੜੀ, ਜਿਹੜਾ ਵੀ ਨਵਾਂ ਕੋਈ ਸ਼ਬਦ ਅਸੀਂ ਲੈ, ਕਿਤੋਂ ਆ ਰਿਹਾ ਸੀ ਸਾਡੇ ਕੋਲ ਜਾਂ ਘੜਣਾ ਪੈ ਰਿਹਾ ਸੀ, ਉਹਦਾ ਅਸੀਂ ਜਿਹੜਾ ਰੂਟ ਸੀ ਉਹ ਸੰਸਕ੍ਰਿਤ ਵਿਚੋਂ ਲੈਂਦੇ ਸੀਗੇ। ਤੇ ਜਿਹੜੇ ਉਹ ਲੋਕ ਸੀ ਉਹ ਜਿਹੜੇ ਨਵੇਂ ਲਫ਼ਜ਼ ਸੀ, ਉਹ ਪਰਸ਼ੀਅਨ ਰੂਟਸ ਵਿਚੋਂ ਹੀ ਲੈ ਰਹੇ ਸੀ। ਤੇ ਜਦੋਂ ਪਰ ਇਹਦੇ ਬਾਵਜੂਦ ਜਦੋਂ ਅਸੀਂ ਉਨ੍ਹਾਂ ਦੀ ਪੰਜਾਬੀ ਸੁਣਦੇ ਸੀ ਤੇ ਸਾਨੂੰ ਏਦਾਂ ਲਗਦਾ ਸੀ ਕਿ ਉਨ੍ਹਾਂ ਦੀ ਪੰਜਾਬੀ ਜਿਆਦਾ ਠੇਠ ਹੈ। ਉਹ ਠੇਠ ਇਸ ਕਰਕੇ ਲੱਗਦੀ ਸੀ ਕਿਉਂਕਿ ਉਹ ਐਸੀ ਉਹ ਬੋਲੀ ਸੀ ਜਿਹੜੀ ਸਾਡੇ ਮਾਂ ਬਾਪ ਬੋਲਦੇ ਹੁੰਦੇ ਸੀ ਜਾਂ

ਸਾਡੇ ਦਾਦੇ ਪੜਦਾਦੇ ਬੋਲਦੇ ਸੀ ਹੈਨਾ। ਇਸ ਕਰਕੇ ਹੁਣ ਵੀ ਐਕਚੂਅਲੀ ਜਿਹੜੀ ਮੈਂ ਪੰਜਾਬੀ ਲਿਖਦਾਂ, ਪਿਛਲੇ ਸਾਲ ਇਥੇ ਗੋਸ਼ਟੀ ਵਿਚ ਮੇਰੀ ਉਹ ਕਿਤਾਬ ਇਕ ਡਿਸਕਸ ਹੋਈ ਸੀ। ਉਹਦੇ ਵਿਚ ਕੁਝ ਲੋਕਾਂ ਨੇ ਕਿਹਾ ਕਿ ਤੁਹਾਡੀ ਜਿਹੜੀ ਬੋਲੀ ਹੈ ਉਹ ਅਸਲ ਵਿਚ ਉਸ ਪੰਜਾਬ ਦੇ ਜਿਆਦਾ ਨੇੜੇ ਆ, ਹੈਨਾ। ਪਰ ਮੇਰੇ ਹਿਸਾਬ ਵਿਚ ਇਹ ਉਸ ਪੰਜਾਬ ਜਾਂ ਏਸ ਪੰਜਾਬ ਵਾਲੀ ਗਲ ਨਹੀਂ। ਉਹ ਜਿਹੜਾ ਸਾਂਝਾ ਪੰਜਾਬ ਹੁੰਦਾ ਸੀ, ਜਿਹੜੀ ਉਦੋਂ ਪੰਜਾਬੀ ਬੋਲੀ ਜਾਂਦੀ ਸੀ, ਜਦੋਂ ਹਾਲੇ ਸੰਸਕ੍ਰਿਤ ਦਾ ਜਾਂ ਹਿੰਦੀ ਦਾ ਪ੍ਰਭਾਵ ਸਾਡੀ ਪੰਜਾਬੀ ਉਤੇ ਘੱਟ ਸੀ, ਉਦੋਂ ਜਿਹੜੀ ਪੰਜਾਬੀ ਬੋਲੀ ਜਾਂਦੀ ਸੀ ਨਾ ਅਸੀਂ, ਮੇਰੇ ਕੋਲ ਹਾਲੇ ਉਹ ਲਫ਼ਜ਼ਾਂ ਦਾ ਭੰਡਾਰ ਆਪਣੀ ਮਾਂ ਕੋਲੋ ਆਇਆ ਕਹਿ ਲਉ ਜਾਂ ਆਪਣੇ ਬਾਪ ਕੋਲੋਂ ਆਇਆ ਕਹਿ ਲਉ ਜਾਂ ਆਪਣੇ ਦਾਦੇ ਕੋਲੋਂ ਆਇਆ ਕਹਿ ਲਉ। ਉਹ ਹੈਗਾ ਤੇ ਉਹ ਮੈਂ ਵਰਤਣਾ ਚਾਹੁੰਦਾ, ਹਾਲੇ ਵੀ ਵਰਤਦਾ ਹਾਂ। ਏਸ ਕਰਕੇ ਉਹਨੂੰ ਲੋਕ ਕਹਿੰਦੇ ਹੈ ਕਿ ਤੁਹਾਡੀ ਪੰਜਾਬੀ ਜਿਹੜੀ ਆ ਨਾ ਉਹ ਉਸ ਪੰਜਾਬ ਦੇ ਜਿਆਦਾ ਨੇੜੇ ਹੈ। ਹਾਲਾਂ ਕਿ ਅਸਲ ਵਿਚ ਉਹ ਪੰਜਾਬੀ ਜਿਹੜੀ ਆ ਮੈਨੂੰ ਲਗਦਾ ਆ, ਉਹ ਠੇਠ ਪੰਜਾਬੀ ਹੈ। ਇਸ ਕਰਕੇ ਅਸੀਂ ਜਦੋਂ ਉਹਨਾਂ ਦੀ ਪੰਜਾਬੀ ਸੁਣਦੇ ਸੀ ਸਾਨੂੰ ਸੱਚੀ ਮੁੱਚੀ ਬਹੁਤ ਚੰਗਾ ਲਗਦਾ ਸੀ, ਅੰਦਰੋਂ ਬੜਾ ਚੰਗਾ ਲੱਗਦਾ ਸੀ ਕਿ ਇਹ ਪੰਜਾਬੀ ਜਿਹੜੀ ਆ ਅਸਲ ਵਿਚ ਇਹ ਪੰਜਾਬੀ ਨੂੰ ਸਾਨੂੰ ਸਾਂਭ ਲੈਣਾ ਚਾਹੀਦਾ ਸੀ। ਜਦੋਂ ਉਹ ਸਾਡੀ ਪੰਜਾਬੀ ਸੁਣਦੇ ਸੀ ਉਨ੍ਹਾਂ ਨੂੰ ਜਰੂਰ ਓਪਰਾ ਲੱਗਦਾ ਸੀ। ਕਿਉਂਕਿ ਉਨ੍ਹਾਂ ਲਈ ਇਹ ਸੰਸਕ੍ਰਿਤ ਜਿਹੜੀ ਐ ਨਾ ਇਹ ਨਵੀਂ ਚੀਜ ਹੈ ਨਾ। ਹਿੰਦੀ, ਹਿੰਦੀ ਦੇ ਲਫ਼ਜ਼ ਜਿਹੜੇ ਆਏ ਹੈ ਉਨ੍ਹਾਂ ਲਈ ਇਹ ਨਵੀਂ ਚੀਜ ਸੀ, ਸਾਡੇ ਲਈ ਉਹ ਜਿਹੜੀ, ਅਸੀਂ ਜੋ ਛੱਡ ਚੁੱਕੇ ਚੀਜ ਉਹ ਸੀ। ਅਸੀਂ, ਅਸੀਂ ਉਹਦੇ ਬਾਰੇ ਥੋੜੇ ਜਿਹੇ ਨੋਸਟੈਲਜਿਕ ਵੀ ਹੈ ਸੀ। ਸੋ ਸਾਨੂੰ ਚੰਗਾ ਲੱਗਦਾ ਸੀ ਉਨ੍ਹਾਂ ਦੀ ਪੰਜਾਬੀ ਸੁਣ ਕੇ ਹਮੇਸ਼ਾਂ ਹੀ। ਹਾਲਾਂ ਕਿ ਕਦੀਂ ਕਦੀਂ ਉਹਦੇ ਵਿਚ ਜਿਹੜੇ ਅਸੀਂ ਕੁਛ ਉਨ੍ਹਾਂ ਦੇ ਵੀ ਜਿਹੜੇ ਨਵੇਂ ਰਾਇਟਰਜ ਖ਼ਾਸ ਤੌਰ ਤੇ ਉਨ੍ਹਾਂ ਵਿਚ ਪਰਸ਼ੀਅਨ ਦਾ ਪ੍ਰਭਾਵ ਜਿਆਦਾ ਦਿਸਦਾ ਸੀ ਤੇ, ਪਰ ਇਹ ਹੈ ਕਿ ਬਈ ਕਦੀਂ ਐਦਾਂ ਦੀ ਗੱਲ ਤਾਂ ਨਹੀਂ ਹੋਈ ਕਿ ਬਈ ਸਾਨੂੰ ਸਮਝਣ ਵਿਚ ਕੋਈ, ਸਾਨੂੰ ਦਿੱਕਤ ਆਈ ਹੋਵੇ। ਜਿੱਥੇ ਕਿਤੇ ਆਉਂਦੀ ਸੀ ਫੇਰ ਇਕ ਦੂਜੇ ਨੂੰ ਪੁੱਛ ਵੀ ਲਈਦਾ ਸੀ ਬਈ ਇਹਦਾ ਕੀ ਮਤਲਬ ਆ। ਤੇ ਇਹਦੇ ਵਿਚ ਕੋਈ ਮੁਸਲਮਾਨਾਂ ਹਿੰਦੂਆਂ ਦੀ ਮੇਰੇ ਖ਼ਿਆਲ ਚ ਗੱਲ ਨਹੀਂ, ਉਹ ਪੰਜਾਬ ਉਹ ਵੀ ਪੰਜਾਬੀ ਅਸੀਂ ਪੰਜਾਬੀ ਹੈਨਾ। ਸਿੱਖ ਵੀ ਪੰਜਾਬੀ, ਹਿੰਦੂ ਵੀ ਪੰਜਾਬੀ, ਮੁਸਲਮਾਨ ਵੀ ਪੰਜਾਬੀ। ਇਹ ਜਰੂਰ ਤੁਹਾਡੀ ਗੱਲ ਠੀਕ ਹੈ ਕਿ ਜਦੋਂ ਪੰਜਾਬ ਦੀ ਵੰਡ ਹੋ ਗਈ ਤੇ ਜਿਹੜੀਆਂ ਸਰਕਾਰਾਂ ਆਈਆਂ ਉਹ ਸਰਕਾਰਾਂ ਨੇ ਬੜਾ ਸੋਚ ਸਮਝ ਕੇ, ਉਥੇ ਦੀ ਸਰਕਾਰ ਨੇ ਉਰਦੂ ਨੂੰ ਪਰਮੋਟ ਕਰਨ ਦੀ ਕੋਸ਼ਿਸ਼ ਕੀਤੀ। ਉਹ ਉਰਦੂ ਜਿਹਦਾ, ਜਿਹਦਾ ਜਿਆਦਾ ਪ੍ਰਭਾਵ ਜਿਹੜਾ ਹੈ ਉਹ ਪਰਸ਼ੀਅਨ ਤੋਂ ਆਇਆ। ਔਰ ਸਾਡੇ ਜਿਹੜੀ ਹੈ, ਇਨ੍ਹਾਂ ਨੇ ਸਾਡੇ ਪੰਜਾਬ ਵਿਚ, ਸਰਕਾਰਾਂ ਦੀ ਨੀਤੀ ਵੀ ਹੈ ਕਿ ਉਨ੍ਹਾਂ ਨੇ ਜਿਹੜੀ ਹਿੰਦੀ ਹੈ, ਸੰਸਕ੍ਰਿਤ ਹੈ, ਉਹਨੂੰ ਪਰਮੋਟ ਕਰਨ ਦੀ ਜਿਆਦਾ ਕੋਸ਼ਿਸ਼ ਕੀਤੀ। ਪਰ ਜਿਦਾਂ, ਜੇ ਅਸੀਂ ਪੰਜਾਬੀ ਦੀ ਗੱਲ ਲਈਏ, ਤੇ ਔਫਕੋਰਸ ਵੰਡ ਤੋਂ ਪਹਿਲਾਂ ਬਹੁਤੇ ਪੰਜਾਬੀ ਜਿਹੜੇ ਸੀ ਉਹ ਉਰਦੂ ਸਕ੍ਰਿਪਟ ਵਿਚ ਹੀ ਪੰਜਾਬੀ ਲਿਖਦੇ ਸੀ। ਅਸੀਂ ਗੁਰਮੁਖੀ ਸਕ੍ਰਿਪਟ ਨੂੰ ਅਪਣਾ ਲਿਆ, ਗੁਰਮੁਖੀ ਸਕ੍ਰਿਪਟ ਨੂੰ ਅਪਨਾਉਣ, ਸਾਡੇ, ਸਾਡੇ ਉਹਦੇ ਪਿੱਛੇ ਕਾਰਣ ਇਹ ਵੀ ਹੈ ਕਿ ਬਈ ਇੱਥੇ ਸਿੱਖ ਜਿਹੜੇ ਆ ਉਹ ਗੁਰਮੁਖੀ ਨੂੰ ਆਪਣੀ ਸਮਝਦੇ ਆ ਤੇ ਮੁਸਲਮਾਨ ਜਿਹੜੇ ਆ ਉਥੇ ਇਦਾਂ ਦਾ ਪ੍ਰਭਾਵ ਦਿੱਤਾ ਗਿਆ ਕਿ ਉਰਦੂ ਉਨ੍ਹਾਂ ਦੀ ਆ ਹੈਨਾ, ਹਾਲਾਂ ਕਿ ਇਦਾਂ ਹੈ ਨੀ। ਅਸਲ ਵਿਚ ਤਾਂ ਇਹ ਹੈ ਕਿ ਅਸੀਂ ਪੰਜਾਬੀ ਲਿਖਣੀ ਆ, ਪੰਜਾਬੀ ਪੜ੍ਹਣੀ ਆ, ਉਨ੍ਹਾਂ ਲਈ ਜੇ ਦੋ ਸਕ੍ਰਿਪਟ ਵੀ ਅਵੇਲੇਬਲ ਹੈਗੀਆਂ ਉਨ੍ਹਾਂ ਲਈ ਉਹ ਸਕ੍ਰਿਪਟ ਹੈ ਸ਼ਾਹਮੁਖੀ ਵਿਚ ਲਿਖਦੇ ਆ, ਅਸੀਂ ਗੁਰਮੁਖੀ ਵਿਚ ਲਿਖਦੇ ਆਂ ਤਾਂ ਵੀ ਕੋਈ ਪ੍ਰੌਬਲਮ ਨਹੀਂ ਆ। ਸਿਰਫ਼ ਇਹ

ਹੈ ਕਿ ਬਈ ਜਿਦਾਂ ਅਸੀਂ ਕਲ ਬਾਵਾ ਜੀ ਦੇ ਸਾਹਮਣੇ ਬਾਵਾ ਜੀ ਵੀ ਗੱਲ ਕਰ ਰਹੇ ਸੀ ਬਈ ਇਕ ਘੰਟਾ ਲਗਦਾ ਗੁਰਮੁਖੀ ਸਿੱਖਣ ਨੂੰ ਜਾਂ ਸਕ੍ਰਿਪਟ ਦੂਜੀ ਕੋਈ। ਸਾਨੂੰ ਆਉਂਦੀ ਤਾਂ ਹੈਗੀ ਹੈ ਪੰਜਾਬੀ ਸ਼ਾਹਮੁਖੀ ਸਕ੍ਰਿਪਟ ਸਿੱਖਣ ਨੂੰ ਇਕ ਦਿਨ ਲੱਗ ਜੂਗਾ, ਤਿੰਨ ਦਿਨ ਲੱਗ ਜਾਣਗੇ, ਇਕ ਹਫ਼ਤਾ ਲੱਗ ਜਾਣਗੇ। ਇਸ ਕਰਕੇ ਇਸ ਵੇਲੇ ਤਾਂ ਮੇਰੇ ਖ਼ਿਆਲ 'ਚ ਸਾਨੂੰ ਜਿਹੜੇ ਘੱਟੋ-ਘੱਟ ਪਰੋਗਰੈਸਿਵ ਥਿੰਕਕਿੰਗ ਵਾਲੇ ਲੋਕ ਆ, ਉਨ੍ਹਾਂ ਨੂੰ ਚਾਹੀਦਾ ਹੈ ਕਿ ਬਈ ਜੇ ਤਾਂ ਕਿ ਵੱਧ ਤੋਂ ਵੱਧ ਇਕ ਦੂਜੇ ਦੇ ਲਿਟਰੇਚਰ ਦਾ ਅਦਾਨ ਪ੍ਰਦਾਨ ਹੋਵੇ ਤੇ ਅਸੀਂ ਸ਼ਾਹਮੁਖੀ ਸਿੱਖੀਏ, ਸਿੱਖਣ ਦੀ ਕੋਸ਼ਿਸ਼ ਕਰੀਏ, ਉਹ ਗੁਰਮੁਖੀ ਸਿੱਖਣ ਦੀ ਕੋਸ਼ਿਸ਼ ਕਰਨ ਜਾਂ ਫੇਰ ਕੁਛ ਕਿਤਾਬਾਂ ਜਿਹੜੀਆਂ ਹਨ ਜਾਂ ਕੁਛ ਮੈਗਜੀਨਜ ਐ, ਕੁਛ ਹੈਨਾ ਅਦਾਨ ਪ੍ਰਦਾਨ ਐ ਉਹ ਦੋਨਾਂ ਸਕ੍ਰਿਪਟ ਵਿਚ ਇਕ ਦੂਜੇ ਨਾਲ ਵਧਾਇਆ ਜਾਵੇ। ਉਹਦੇ ਲਈ ਉਪਰਾਲੇ ਵੀ ਸ਼ੁਰੂ ਹੋਏ ਆ, ਇਥੇ ਪੰਜਾਬ ਵਿਚ ਕੁਛ ਲੋਕਾਂ ਨੇ ਉਪਰਾਲੇ ਸ਼ੁਰੂ ਕੀਤੇ ਆ, ਉਨ੍ਹਾਂ ਨੇ ਕਾਇਦੇ ਵੀ ਬਣਾਏ ਆ। ਡਿਕਸ਼ਨਰੀਆਂ ਵੀ ਬਣਾਈਆਂ ਹੈ ਜਿਹੜੀਆਂ ਸ਼ਾਹਮੁਖੀ ਤੇ ਗੁਰਮੁਖੀ ਸਕ੍ਰਿਪਟ ਨੂੰ। ਹੁਣ ਕਈਆਂ ਦਾ ਖ਼ਿਆਲ ਹੈ ਕਿ ਰੋਮਨ ਸਕ੍ਰਿਪਟ ਨੂੰ ਲੈ ਲੈਣਾ ਚਾਹੀਦਾ ਹੈ, ਦੋਨਾਂ ਨੂੰ ਛੱਡ ਦੇਣਾ ਚਾਹੀਦਾ ਹੈ। ਪਰ ਮਤਲਬ ਮੇਰੇ ਹਿਸਾਬ ਨਾਲ ਇਹ ਸਾਡੇ ਕੋਲ ਜਿਹੜੀਆਂ ਐਸ ਵੇਲੇ ਸਫ਼ਲ ਤਜਰਬੇ ਹੈਗੇ ਆ, ਉਹ ਇਹ ਹੈ ਕਿ ਬਈ ਗੁਰਮੁਖੀ ਵਿਚ ਤੇ ਸ਼ਾਹਮੁਖੀ ਦੋਨਾਂ ਵਿਚ ਹੀ ਅਸੀਂ ਪੰਜਾਬੀ ਠੀਕ ਲਿਖ ਸਕਦੇ ਹਾਂ, ਉਚਾਰਣ ਉਨ੍ਹਾਂ ਦਾ ਠੀਕ ਕਰ ਸਕਦੇ, ਲਿਖ ਸਕਦੇ ਹਾਂ ਤੇ ਮੈਨੂੰ ਲਗਦਾ ਬਈ ਇਹ ਹੈਨਾ ਪੌਲਿਟਿਕਸ ਨੂੰ ਛੱਡ ਕੇ ਤੇ ਜਿਹੜੇ ਸਾਹਿਤਕਾਰ ਆ ਜਾਂ ਸਾਹਿਤਕ ਐਕਟੇਵਿਸਟ ਆ ਨਾ, ਉਨ੍ਹਾਂ ਨੂੰ ਇਹਦੇ, ਇਸ ਪਾਸੇ ਜੋਰ ਲਾਉਣਾ ਚਾਹੀਦਾ ਆ ਕਿ ਸਾਡੇ ਲਿਟਰੇਚਰ ਦਾ ਵੱਧ ਤੋਂ ਵੱਧ ਆਦਾਨ ਪ੍ਰਦਾਨ ਹੋਵੇ। ਉਹ ਜਿਹੜੇ ਪੜ੍ਹੇ ਲਿਖੇ ਲੋਕ ਆ, ਪੜ੍ਹਨਾ ਚਾਹੁੰਦੇ ਆ, ਉਹ ਇਹ ਦੋਨੇ ਹੀ ਸਕ੍ਰਿਪਟਸ ਜਿਹੜੀਆਂ ਹੈ ਉਹ ਸਿੱਖ਼ ਲੈਣ।

ਅਸਲ ਵਿਚ ਦੇਖੋ ਗੱਲ ਇਹ ਹੈ ਕਿ ਬਈ ਮੈਂ ਜਿਹੜੇ ਪੰਜਾਬੀ ਰਾਈਟਰਜ ਵਿੱਚ, ਲਿਖਣ ਵਾਲਿਆਂ ਵਿੱਚ ਜਿਹੜੀ ਸਮੱਸਿਆ ਦੇਖਦਾ ਨਾ, ਉਹ ਹੈ, ਉਹ ਮਿਹਨਤ ਦੀ ਘਾਟ ਦੀ ਹੈ। ਜਿਦ੍ਹਾਂ ਸਾਡੇ ਮੀਡੀਆ ਨੇ ਇਕ ਟਰੈਂਡ ਚਲਾਇਆ ਨਾ ਕਿ ਜਿਹੜਾ ਮੂੰਹ 'ਚ ਲਫਜ਼ ਆਉਂਦਾ ਹੈ ਉਹੋ ਬੋਲੀ ਜਾਉ, ਭਾਵੇਂ ਉਹ ਇੰਗਲਿਸ਼ ਦਾ ਹੈ, ਭਾਵੇਂ ਉਹ ਹਿੰਦੀ ਦਾ ਹੈ, ਭਾਵੇਂ ਉਹ ਪੰਜਾਬੀ ਦਾ ਹੈ, ਭਾਵੇਂ ਉਹ ਉਰਦੂ ਦਾ ਹੈ। ਜਿਹੜਾ ਆਉਂਦਾ ਹੈ ਉਹ ਬੋਲੀ ਜਾਉ, ਗੱਲ ਐਕਸਪ੍ਰੈਸ ਕਰਨ ਦੀ ਹੈ। ਇਸ ਗੱਲ ਨੂੰ, ਇਸ ਗੱਲ ਨੂੰ ਨਾ ਜਿਹੜੇ ਸਾਡੇ ਸਾਹਿਤਕਾਰ, ਪੰਜਾਬੀ ਸਾਹਿਤਕਾਰ ਆ ਉਨ੍ਹਾਂ ਨੇ ਵੀ ਏਦ੍ਹਾਂ ਬੜੇ ਕੈਯੂਅਲੀ ਲੈ ਲਿਆ ਹੈ ਕਿ ਬਈ ਜਦੋਂ ਉਹ ਲਿਖਣ ਲੱਗਦੇ ਆ ਉਹ ਨਾ, ਮਿਹਨਤ ਨਹੀਂ ਕਰਦੇ। ਅੰਗਰੇਜੀ ਦਾ ਜੇ ਐਕਸਪ੍ਰੈਸ਼ਨ, ਲਫਜ਼ ਹੈ ਨਾ। ਮੈਂ ਮਤਲਬ ਵੱਡੇ ਵੱਡੇ ਆਲੋਚਕ ਦੇਖੇ ਆ, ਜਿਹੜੇ 'ਰੈਟਰਿਕ' ਵਰਗੇ ਲਫਜ਼, ਜਦੋਂ ਕਿ ਹੈ ਹੀ ਨਹੀਂ, ਮਤਲਬ ਏਦਾਂ, ਸਮਝ ਹੀ ਨਹੀਂ ਆਉਂਦੀ ਪੰਜਾਬੀ, ਪੰਜਾਬੀ ਬੰਦੇ ਨੂੰ ਬਈ ਇਹਦਾ ਕੀ ਮਤਲਬ ਹੈ ਤੇ ਉਹ ਨਾ, ਅਸੀਂ ਜਦੋਂ, ਮਤਲਬ ਖ਼ਾਸ ਤੌਰ ਤੇ ਮੈਂ ਇਹ ਕੰਮ ਜਰੂਰ ਕਰਦਾਂ, ਸੁਕੀਰਤ ਵੀ ਕਰਦਾ ਕਿ ਸਾਡੀ ਜਦੋਂ ਦਿਮਾਗ ਵਿਚ ਕੋਈ ਅੰਗਰੇਜੀ ਦਾ ਲਫਜ਼ ਆਉਂਦਾ ਹੈ ਜਾਂ ਹਿੰਦੀ ਦਾ ਆਉਂਦਾ ਅਸੀਂ ਕੋਸ਼ਿਸ਼ ਕਰਦੇ ਹਾਂ, ਦੇਖਦੇ ਹਾਂ, ਮਿਹਨਤ ਕਰਦੇ ਹਾਂ, ਇੱਕ ਦੂਜੇ ਨੂੰ ਪੁੱਛਦੇ ਵੀ ਹਾਂ, ਡਿਕਸ਼ਨਰੀਆਂ ਫਰੋਲਦੇ ਹਾਂ ਕਿ ਬਈ ਉਹਦਾ ਪੰਜਾਬੀ ਵਿਚ ਕੀ, ਕਿਦਾਂ ਵਰਤਦੇ ਸੀ। ਪਿੰਡ ਵਾਲੇ ਲੋਕ ਕਿੱਦਾਂ ਵਰਤਨਗੇ ਉਹਨੂੰ ਤੇ ਅਸੀਂ ਉਹਨਾਂ ਨੂੰ ਲਫਜ਼ਾਂ ਨੂੰ ਕੋਸ਼ਿਸ਼ ਕਰਦੇ ਹਾਂ ਕਿ ਆਪਣੇ ਸਾਹਿਤ ਵਿਚ ਲੈ ਕੇ ਆਈਏ, ਉਨ੍ਹਾਂ ਨੂੰ ਜੀਂਦਾ ਰੱਖੀਏ, ਪਰ ਸਾਰੇ ਇੱਦਾਂ ਨਹੀਂ ਕਰਦੇ, ਸਾਰੇ ਕੋਸ਼ਿਸ਼ ਨਹੀਂ ਕਰਦੇ, ਜਦੋਂ ਕਿ ਮੇਰੇ ਹਿਸਾਬ ਨਾਲ ਯੂ ਸੀ, ਜਰੂਰੀ ਹੈ। ਇਹ ਅਲੱਗ ਗੱਲ ਹੈ ਕਿ ਕਈ ਵਾਰੀ ਜਿਦਾਂ ਕੋਈ ਸਾਇੰਸ ਦੀ

ਟਰਮੀਨੌਲਜੀ ਆ, ਕੰਪੀਊਟਰ ਦੀ ਟਰਮੀਨੌਲਜੀ ਆ, ਜਿਹੜੀ ਹੁਣ ਹੀ ਇਮਰਜ ਹੁਣ ਹੋ ਰਹੀ ਹੈ ਔਰ ਉਹਦਾ ਕੋਈ ਵਧੀਆ ਲਫਜ਼ ਸਾਨੂੰ ਨਹੀਂ ਮਿਲ ਰਿਹਾ, ਤੇ ਅਸੀਂ ਉਨ੍ਹਾਂ ਦਾ ਉਦ੍ਹਾਂ ਦਾ ਉਦ੍ਹਾਂ ਲੈ ਵੀ ਸਕਦੇ ਹਾਂ। ਪਰ ਜਿਹਦਾ ਵੀ ਲਫਜ਼ ਦਾ ਬਦਲ ਪੰਜਾਬੀ ਵਿਚ ਮੌਜੂਦ ਹੋਵੇ, ਮੈਨੂੰ ਲੱਗਦਾ ਹੈ ਸਾਨੂੰ ਮਿਹਨਤ ਕਰਕੇ ਉਹ ਲਫਜ਼ਾਂ ਨੂੰ ਜਰੂਰ ਵਰਤਣਾ ਚਾਹੀਦਾ ਸਾਹਿਤਕਾਰ ਜਦੋਂ ਵੀ ਉਹਨੂੰ ਲਿਖਣ, ਤੇ, ਤਾਂ ਕਿ ਘੱਟੋ ਘੱਟ ਆਉਣ ਵਾਲੀ ਜਨਰੇਸ਼ਨ ਜਿਹੜੀ ਆ, ਉਨ੍ਹਾਂ ਕੋਲ ਇਹ ਲਫਜ਼ਾਂ ਦਾ ਭੰਡਾਰ ਜਿਹੜਾ ਹੈ, ਉਹ ਮੌਜੂਦ ਹੋਵੇ। ਨਹੀਂ ਤਾਂ ਉਹੋ ਯੂ ਸੀ, ਹੁਣ ਜਿਦ੍ਹਾਂ ਬਈ ਕੱਲ ਮੈਂ ਪਤਾ ਨੀ ਗੱਲ ਕਰਦਾ ਸੀ ਕਿਸੇ ਨਾਲ, ਕਿ ਬਈ ਸਾਮਾਨ ਹੇਠਾਂ ਪਚਾਉਣ ਲਈ ਪਾਰਛਾ ਜਿਹਾ ਬਣਾ ਲੈਨੇ ਹਾਂ, ਉਹ ਕਹਿੰਦਾ ਬਈ ਪਾਰਛਾ ਕੀ ਹੁੰਦਾ ਹੈ ਹੈਨਾ। ਕਿਉਂਕਿ ਖੂਹ ਖ਼ਤਮ ਹੋ ਗਿਆ ਹੈਨਾ, ਪਾਰਛਾ ਵੀ ਖ਼ਤਮ ਹੋ ਗਿਆ। ਸੋ ਇਹ ਜਿਹੜੇ ਲਫਜ਼ ਆ, ਮਤਲਬ ਔਫਕੋਰਸ, ਜਬਰਦਸਤੀ ਵੀ ਨਹੀਂ ਇਨ੍ਹਾਂ ਨੂੰ ਜਿੰਦਾ ਰੱਖ ਸਕਦੇ ਹੈਨਾ। ਪਰ ਇਹ ਹੈ ਕਿ ਬਈ ਜਦ, ਘੱਟੋ ਘੱਟ ਜਦੋਂ ਅਸੀਂ ਲਿਖ਼ ਰਹੇ ਹਾਂ, ਜਿਹੜੇ ਮੁੱਦੇ ਤੇ ਲਿਖ਼ ਰਹੇ ਹਾਂ, ਜਿਹੜੇ ਟੌਪਿਕ ਉਤੇ ਲਿਖ਼ ਰਹੇ ਹਾਂ, ਜੇ ਸਾਡੇ ਕੋਲ ਪੰਜਾਬੀ ਦਾ ਲਫਜ਼ ਉਸ ਵੇਲੇ ਉਸ ਐਕਸਪ੍ਰੈਸ਼ਨ ਲਈ ਮੌਜੂਦ ਆ ਤੇ ਸਾਨੂੰ ਉਹ ਪੰਜਾਬੀ ਦਾ ਵਰਤਣਾ ਚਾਹੀਦਾ ਹੈ, ਠੇਠ ਲਫਜ਼ ਵਰਤਨਾ ਚਾਹੀਦਾ ਹੈ ਤਾਂ ਕਿ ਇਹ ਘੱਟੋ ਘੱਟ ਆਉਣ ਵਾਲੀਆਂ ਜਨਰੇਸ਼ਨਜ ਦੇ ਲਈ ਮੌਜੂਦ ਰਹੇ। ਨਹੀਂ ਤਾਂ ਔਫਕੋਰਸ, ਜਿਦ੍ਹਾਂ ਬਈ ਜੇ ਅਸੀਂ ਨਾ ਵਰਤਾਂਗੇ ਤੇ ਸਾਡੇ ਬੱਚਿਆਂ ਨੂੰ ਵੀ ਨਹੀਂ ਪਤਾ ਲੱਗਣਾ, ਤੇ ਸਾਡੇ ਬੱਚੇ ਨਹੀਂ ਵਰਤਣਗੇ ਤੇ ਉਹ ਖ਼ਤਮ ਹੀ ਹੋ ਜਾਣਾ ਹੈ। ਸੋ ਇਹ ਥੋੜੀ ਜੀ ਮਿਹਨਤ ਦਾ ਕੰਮ ਆ ਔਰ ਇਹਦੇ ਲਈ ਔਰਗੇਨਾਈਜਡ ਢੰਗ ਨਾਲ ਥੋੜਾ ਜਾ ਬਈ ਕੀਤਾ ਜਾ ਸਕਦਾ ਹੈ, ਪਰ ਫੇਰ ਵੀ ਮਤਲਬ ਇੰਡਵੀਜੂਅਲ ਸਾਹਿਤਕਾਰਾਂ ਉਤੇ ਮੇਰੇ ਖ਼ਿਆਲ 'ਚ ਡੀਪੈਂਡ ਕਰਦਾ ਹੈ ਕਿ ਇਹਦੇ ਵੱਲ ਉਹ ਧਿਆਨ ਦੇਣ।

ਮੈਂ ਪੰਜਾਬ ਵਿਚ ਵਾਪਿਸ ਆਇਆ ਐਕਚੂਅਲੀ ਦੋ ਕ ਹਜਾਰ ਸਾਲ ਦੇ ਆਸ ਪਾਸ ਹੈਨਾ, ਸੰਨ ਦੋ ਹਜਾਰ ਦੇ ਆਸ ਪਾਸ। ਉਹਤੋਂ ਪਹਿਲਾਂ ਮੈਂ ਮੋਸਕੋ ਚਲਾ ਗਿਆ ਸੀ, ਮੋਸਕੋ ਤੋਂ ਬਾਅਦ ਮੈਂ ਦਿੱਲੀ ਰਿਹਾ, ਦਿੱਲੀ ਤੋਂ ਬਾਅਦ ਅਮੈਰੀਕਾ ਰਿਹਾ, ਅਮੈਰੀਕਾ ਤੋਂ ਬਾਅਦ ਵਾਪਿਸ ਜਦੋਂ ਮੈਂ ਫੇਰ ਜਲੰਧਰ ਆਕੇ ਜਾਂ ਪਿੰਡ ਆਕੇ ਰਹਿਣ ਲੱਗਿਆ, ਪੰਜਾਬ ਆ ਕੇ ਰਹਿਣ ਲਗਿਆ, ਉਦੋਂ ਅਸੀਂ ਸੋਚਿਆ ਕਿ ਬਈ ਕੁਛ ਨ ਕੁਛ ਛੋਟਾ ਮੋਟਾ ਜਿਹੜੀ ਕੌਨਟਰੀਬਿਯੁਸ਼ਨ ਅਸੀਂ ਕੋਈ ਸਾਹਿਤ ਲਈ ਪਾ ਸਕਦੇ ਹਾਂ ਉਹ ਪਾਉਣੀ ਚਾਹੀਦੀ ਹੈ। ਤੇ ਜਿਹੜਾ ਸਭ ਤੋਂ ਪਹਿਲਾਂ ਇਕ ਉਪਰਾਲਾ ਸੀ ਦੋ ਹਜਾਰ ਚ ਜਿਹੜਾ ਅਸੀਂ ਸ਼ੁਰੂ ਕੀਤਾ, ਉਹ ਸੀ ਕੀ ਇਹ 'ਨਵਾਂ ਜਮਾਨਾ' ਦੇ ਐਤਵਾਰਤਾ ਵਿਚ ਕੀ, ਬਲਬੀਰ ਪਰਵਾਨਾ ਇਕ ਸਰਵੇ ਕਰਾਉਂਦਾ ਹੁੰਦਾ ਸੀ ਕਿ, ਕਿ ਪਿਛਲੇ ਸਾਲ ਦੀ ਬੇਹਤਰੀਨ ਕਹਾਣੀ ਕਿਹੜੀ ਹੈ ਜਾਂ, ਤੇ ਪਿਛਲੇ ਸਾਲ ਦੀ ਬੇਹਤਰੀਨ ਪੁਸਤਕ ਕਿਹੜੀ ਹੈ। ਅਸੀਂ ਸੋਚਿਆ ਕਿ ਬਈ ਇਹ ਸਰਵੇ ਕਰਾ ਲਿਆ, ਸਰਵੇ ਦੇ ਰਿਜਲਟ ਨਿਕਲ ਗਈ ਤੇ ਗੱਲ ਉਥੇ ਮੁੱਕ, ਮੁੱਕ ਜਾਂਦੀ ਹੈ। ਇਹਨੂੰ ਗੱਲ ਨੂੰ ਥੋੜਾ ਜਿਹਾ ਹੋਰ ਅੱਗੇ ਤੋਰਨਾ ਚਾਹੀਦਾ। ਉਹ ਅੱਗੇ ਤੋਰਨ ਦੇ ਸਿਲਸਲੇ ਵਜੋਂ ਅਸੀਂ ਸੋਚਿਆ ਕਿ ਬਈ ਇਹ ਜਿਹੜੀ ਬੇਹਤਰੀਨ ਕਹਾਣੀ ਤੇ ਬੇਹਤਰੀਨ ਪੁਸਤਕ ਹੋਵੇ, ਅਸੀਂ ਉਨ੍ਹਾਂ ਨੂੰ ਇਕ ਸਨਮਾਨ ਵੀ ਦਈਏ, ਤੇ ਉਹ ਸਨਮਾਨ ਦੇਣ ਦਾ ਇਕ ਫੰਕਸ਼ਨ ਆਯੋਜਿਤ ਕਰੀਏ, ਸਮਾਗਮ ਆਯੋਜਿਤ ਕਰੀਏ ਤੇ, ਤਾਂ ਕਿ ਇਹ ਜਿਹੜੀ ਗੱਲ ਹੋਰ ਅੱਗੇ ਜਾਵੇ। ਸੋ ਉਸ ਸਿਲਸਲੇ ਵਜੋਂ ਅਸੀਂ ਮੇਰੀ ਮਦਰ ਦੇ ਨਾਂ ਤੇ, 'ਬੀਬੀ ਸਵਰਨ ਕੌਰ ਟਰੱਸਟ' ਬਣੇ, ਬਣਾਇਆ ਤੇ ਉਹ 'ਬੀਬੀ ਸਵਰਨ ਕੌਰ ਟਰੱਸਟ' ਵਲੋਂ ਇਕ ਸਨਮਾਨ, ਇਹ ਸਨਮਾਨ, ਇਦਾਂ ਦੇ ਸਨਮਾਨ ਸਮਾਗਮ ਆਯੋਜਿਤ ਕਰਨੇ ਸ਼ੁਰੂ ਕੀਤੇ, ਜਿਹੜੇ ਕੀ ਅਸੀਂ ਲੱਗਭੱਗ ਹਰ ਮਾ, ਹਰ ਸਾਲ ਦੇ ਮਾਰਚ ਵਿਚ ਕਰਦੇ

ਸੀ। ਉਹ ਦਸ ਸਾਲ ਅਸੀਂ ਉਹ ਸਿਲਸਲਾ ਚਲਾਇਆ ਜੀਹਦੇ ਵਿਚ ਅਸੀਂ ਲੱਗਭੱਗ ਵੱਡੇ ਵੱਡੇ ਸਾਹਿਤਕਾਰਾਂ ਨੂੰ ਅਸੀਂ ਉਹਦੇ ਵਿਚ ਸੱਦਦੇ, ਸੱਦਦੇ ਸੀ। ਸੌ, ਸਵਾ ਸੌ, ਡੇਢ ਸੌ ਦੇ ਕਰੀਬ ਉਹਦੇ ਵਿਚ ਸਾਹਿਤਕਾਰ ਤੇ ਸਰੋਤੇ, ਪਾਠਕ ਇੱਕਠੇ ਹੁੰਦੇ ਸੀ ਤੇ ਉਹ ਦਸ ਸਾਲ ਚਲਾਇਆ। ਦਸ ਸਾਲ ਤੋਂ ਬਾਅਦ ਐਕਚੂਅਲੀ ਸਮਸਿਆ ਫੇਰ ਇਹ, ਇਹ ਅਸਲ ਵਿਚ ਉਹਦੇ ਓਰਿਜਨ ਵਿਚ ਹੋ ਗਈ ਕਿ ਉਹ ਜਿਹੜਾ ਸਰਵੇ ਕਰਾਉਂਦੇ ਸੀ, ਉਹ ਸਰਵੇ ਦੇ ਵਿੱਚ ਹੀ ਲੋਕ ਜੁਗਾੜ ਲਾਉਣ ਲੱਗ ਪਏ ਕਿ ਇਕ ਦੂਜੇ ਨੂੰ ਕਹਿ ਕੇ ਆਪਣੇ ਨਾਂ ਲਿਖਵਾ ਲੈਣੇ, ਭਿਜਵਾ ਦੇਣੇ ਕਿ ਬਈ ਇਹਦੀ ਕਹਾਣੀ ਵਿਚ ਪਾ ਲਉ ਜਾਂ ਇਹਦੀ ਪੁਸਤਕ ਵਿਚ ਪਾ ਲਓ ਤੇ ਉਹ ਦਸਾਂ ਸਾਲਾਂ ਬਾਅਦ ਬਲਬੀਰ ਪਰਵਾਨਾ ਨੇ ਵੀ ਫੈਸਲਾ ਕੀਤਾ, ਅਸੀਂ ਇਕ ਕਮੇਟੀ ਜਿਹੜੀ ਬਣਾਈ ਸੀ ਉਹਨੇ ਵੀ ਫੈਸਲਾ ਕੀਤਾ ਕਿ ਇਹ ਸਰਵੇ ਹੁਣ ਨਹੀਂ ਕਰਵਾਉਣੇ। ਤੇ ਉਹ ਸਰਵੇ ਕਿਉਂਕਿ ਬੰਦ ਹੋ ਗਏ, ਤੇ ਇਹ ਸਰਵਿਆਂ ਦੇ ਅਧਾਰ ਤੇ ਹੀ ਅਸੀਂ ਇਹ ਇਨਾਮ ਕਰਦੇ ਸੀ, ਦਿੰਦੇ ਸੀ, ਉਹ ਵੀ ਉਹਦੇ ਨਾਲ ਹੀ ਅਸੀਂ ਸਮਾਪਤ ਕਰ ਦਿਤੇ ਹਾਲ ਦੀ ਘੜੀ। ਪਰ ਅਸੀਂ ਮਤਲਬ ਸੋਚ ਰਹੇ ਆਂ ਕਿ ਏਸ, ਜਿਹੜੀ ਪ੍ਰਥਾ ਆ ਬੀਬੀ ਸਵਰਨ ਕੌਰ ਨੂੰ ਜਿਹੜੀ ਯਾਦ ਕਰਨ ਦੀ, ਹਰ ਸਾਲ ਇਕ ਅਸੀਂ ਪ੍ਰਥਾ ਚਲਾਈ ਸੀ ਉਹਨੂੰ ਅਸੀਂ ਕਿਸੀ ਹੋਰ ਰੂਪ ਵਿਚ, ਕੋਈ ਸੈਮੀਨਾਰ ਦੇ ਰੂਪ ਵਿਚ ਜਾਂ ਕੋਈ ਹੋਰ ਕਿਸੇ ਸ਼ਕਲ ਵਿਚ ਇਹਨੂੰ ਦੁਬਾਰਾ ਸ਼ੁਰੂ ਕਰੀਏ ਪਰ ਇਹ ਹੈ ਕਿ ਬਈ ਹੁਣ ਦੋ ਤਿੰਨ, ਦੋ ਕ ਸਾਲ ਦਾ ਵਿਚੋਂ ਗੈਪ ਆ ਗਿਆ। ਤੇ ਦੂਜਾ ਜਿਹੜਾ ਫੰਕਸ਼ਨ ਅਸੀਂ ਆਯੋਜਿਤ ਕਰਦੇ ਹਾਂ, ਉਹ ਹੈ ਡਲਹੌਜੀ ਵਿਚ, ਅਸੀਂ ਕਹਾਣੀ ਗੋਸ਼ਟੀ ਜੀਹਨੂੰ ਕਹਿੰਦੇ ਸੀ। ਅਸੀਂ ਹਾਨਾ, ਪਹਿਲਾਂ ਕਹਾਣੀ ਗੋਸ਼ਟੀ ਕਹਿੰਦੇ ਸੀ ਪਰ ਹੁਣ ਉਹਨੂੰ, ਉਹ ਸਿਰਫ਼ ਗੋ, ਸਾਹਿਤਿਆ ਗੋ, ਸਾਹਿਤਕ ਗੋਸ਼ਟੀ ਉਹਨੂੰ ਕਹਿਣਾ ਚਾਹੀਦਾ ਕਿਉਂਕਿ ਹੁਣ ਇਕੱਲੀ ਕਹਾਣੀ ਉਤੇ ਉਹ ਨਹੀਂ ਰਹਿ ਗਈ। ਉਹ, ਉਹਦਾ ਇਕ, ਯੂ ਸੀ, ਕਾਰਣ ਇਹ ਸੀ ਕਿ ਅਸੀਂ ਜਦੋਂ ਪੰਜਾਬ ਵਿਚ ਮੈਂ ਰਹਿਣ ਲੱਗ ਪਿਆ, ਤੇ ਲੋਕ ਸਾਨੂੰ ਵੀ ਗੋਸ਼ਟੀਆਂ ਵਿੱਚ ਸੱਦਦੇ ਸੀ। ਜਿਹੜੀਆਂ ਟਰਡੀਸ਼ਨਲ ਗੋਸ਼ਟੀ, ਪ੍ਰੰਪਰਾਗਤ ਗੋਸ਼ਟੀਆਂ ਸੀਗੀਆਂ ਪੰਜਾਬ, ਪੰਜਾਬ ਵਿੱਚ ਹੋ ਰਹੀਆਂ, ਉਨ੍ਹਾਂ ਵਿਚ ਸਿਸਟਮ ਇਹ ਸੀ ਕਿ ਬਈ ਕਿਸੇ ਸਾਹਿਤ, ਕਿਸੇ ਕਿਤਾਬ ਉਤੇ ਜਾਂ ਕਿਸੇ ਸਾਹਿਤਕਾਰ ਉਤੇ ਗੋਸ਼ਟੀ ਕਰਵਾਉਣੀ, ਉਹ ਕਿਸੇ ਤੋਂ ਇਕ ਤੋਂ ਇਕ ਪਰਚਾ ਲਿਖਵਾ ਲੈਣਾ ਕਿਸੇ ਆਲੋਚਕ ਤੋਂ। ਆਲੋਚਕ ਨੇ ਆ ਕੇ ਉਹ ਪਰਚਾ ਪੜ੍ਹ ਦੇਣਾ, ਉਹਦੇ ਸਰੋਤੇ ਬੈਠੇ ਆ, ਉਨ੍ਹਾਂ ਨੇ ਸੁਣ ਲੈਣਾ, ਅੱਧਾ-ਪਚੱਧਾ ਸਮਝ ਆਇਆ, ਨਹੀਂ ਆਇਆ, ਉਹ ਸਰੋਤੇ ਜਿਹੜੇ ਆ ਉਹ ਘਰ ਨੂੰ ਚਲੇ ਗਏ, ਬਾਕੀ ਜਿਹੜੇ ਸਾਹਿਤਕਾਰ ਬਚੇ ਆ ਉਹ ਸ਼ਾਮ ਦਾ, ਸ਼ਾਮ ਦੀ ਮਹਿਫਲ ਲਾ ਕੇ ਬੈਠ ਗਏ, ਇਹ ਮਤਲਬ ਐਕਚੂਅਲੀ ਮੈਂ ਦੇਖਿਆ ਕੀ ਗੋਸ਼ਟੀਆਂ ਵਿਚ ਸਾਡੇ ਪੰਜਾਬ ਵਿਚ ਹੋ ਰਿਹਾ। ਤੇ ਮੈਨੂੰ ਲੱਗਾ ਕਿ ਇਹ ਕੋਈ ਗੋਸ਼ਟੀ ਵਿਚ ਸਾਰਾ ਖ਼ਰਚਾ ਵੀ ਕਰਦੇ ਆ, ਆਉਣ ਜਾਣ ਵੀ ਹੁੰਦਾ ਐ, ਮਤਲਬ ਇਨ੍ਹਾਂ ਖਲਜਗਣ ਵੀ ਕਰਦੇ ਆ ਤੇ ਕੰਮ ਵੀ ਕੋਈ ਨਹੀਂ ਕਰਦੇ। ਤੇ ਬਈ ਕੁਛ ਸਾਨੂੰ ਇਹਦਾ ਬਦਲਵਾਂ ਰੂਪ ਦੇਖਣਾ ਚਾਹੀਦਾ, ਤੇ ਬਦਲਵੇਂ ਰੂਪ ਵੱਲ ਵਜੋਂ ਅਸੀਂ ਦੇਖਿਆ ਹੈ ਕਿ ਬਈ ਜੇ ਅਸੀਂ ਖੁੱਲ੍ਹਾ ਸੱਦਾ ਨਾ ਦਈਏ, ਅਸੀਂ ਪੰਦ੍ਰਾਂ ਤੋਂ ਵੀਹ ਤੱਕ ਪਾਰਟੀਸਿਪੈਂਟਸ ਜਿਹੜੇ ਆ, ਸਹਿਭਾਗੀ ਜਿਹੜੇ ਆ, ਉਨ੍ਹਾਂ ਨੂੰ ਸੀਮਤ ਰੱਖੀਏ ਔਰ ਸਾਰੇ ਜਿਹੜੇ ਆ ਉਹ ਰਚਨਾ ਪੜ੍ਹ ਕੇ ਆਉਣ, ਤੇ ਆਪਣਾ ਉਹਦੇ, ਉਹਦੇ ਬਾਰੇ ਜਿਹੜਾ ਇਕ ਪਰਚਾ ਵੀ ਹੋਵੇ, ਤੇ ਉਸ ਰਚਨਾ ਉਤੇ ਨਿੱਠ ਕੇ ਦੋ ਘੰਟੇ ਦਾ ਇਕ ਸੈਸ਼ਨ ਕੀਤਾ ਜਾਵੇ। ਹਰ ਇਕ ਨੂੰ ਬੋਲਣ ਦਾ ਹਰ ਇਕ ਨੂੰ ਆਪਣਾ ਔਪੀਨੀਅਨ ਰੱਖਣ ਦਾ ਉਹਦੇ ਵਿਚ ਸਮਾਂ ਵੀ ਮਿਲੇ।

ਫੰਡ, ਯੂ ਸੀ ਫੰਡਿੰਗ ਵਾਲੀ ਗੱਲ ਬੜੀ ਐਕਚੂਅਲੀ ਇੰਨਟਰਸਟਿੰਗ ਆ, ਮੈਂ ਕਦੀਂ ਇਹਦੇ ਬਾਰੇ ਮੈਂ ਇਦ੍ਹਾਂ ਗਹਿਰਾਈ ਵਿਚ ਸੋਚਿਆ ਨਹੀਂ ਸੀ। ਜਿਹੜਾ ਸਾਡਾ 'ਬੀਬੀ ਸਵਰਣ ਕੌਰ' ਅਵਾਰਡ ਵਾਲਾ ਫੰਕਸ਼ਨ ਹੁੰਦਾ ਸੀ ਨਾ, ਉਹਦੇ ਵਿਚ ਦੋ ਤਿੰਨ ਤਰ੍ਹਾਂ ਦੇ ਖ਼ਰਚੇ ਹੁੰਦੇ ਸੀ, ਇਕ ਤਾਂ ਬਈ ਕਿਤੇ ਨਾ ਕਿਤੇ ਤੁਸੀਂ ਹਾਲ ਜਰੂਰ ਕਿਰਾਏ ਤੇ ਲੈਣਾ ਜਿਥੇ ਫੰਕਸ਼ਨ ਕਰਨਾ, ਫੇਰ ਤੁਸੀਂ ਉਥੇ ਲੋਕਾਂ ਨੂੰ ਇੰਨਵੀਟੇਸ਼ਨ ਕਾਰਡ ਵੀ ਭੇਜਣੇ ਆ, ਲੋਕ ਆ ਜਾਂਦੇ ਆ, ਫੇਰ ਹੈਨਾ ਮਤਲਬ, ਕੋਈ ਮਾਇਕ ਦਾ ਸਪੀਕਰਾਂ ਦਾ ਇਦ੍ਹਾਂ ਦਾ ਪ੍ਰਬੰਧ ਵੀ ਕਰਨੇ ਹੁੰਦੇ ਸੀ। ਫੇਰ ਰੋਟੀ ਦਾ ਪ੍ਰਬੰਧ, ਚਾਹ ਦਾ ਪ੍ਰਬੰਧ, ਤੇ ਫੇਰ ਜਿਹੜਾ ਹੈ 'ਨਵਾਂ ਜਮਾਨਾ' 'ਐਤਵਾਰਤਾ' ਵਿਚ ਉਸੇ ਫੰਕਸ਼ਨ ਬਾਰੇ ਉਨ੍ਹਾਂ ਲੇਖਕਾਂ ਬਾਰੇ ਲੱਗਭੱਗ ਇਕ ਸਫ਼ਾ ਡੇਢ ਸਫ਼ਾ ਜਿਹੜਾ ਸੀ ਅਸੀਂ ਛਾਪਦੇ ਹੁੰਦੇ ਸੀ, ਇਹ ਮਤਲਬ ਸਾਰੇ ਖ਼ਰਚੇ ਸੀ। ਹੁਣ ਸਬੱਬ ਦੀ ਗੱਲ ਕਹਿ ਲਉ ਜਾਂ ਅਸੀਂ ਕੋਸ਼ਿਸ਼ ਵੀ ਐਸੀ ਕੀਤੀ ਕਿ ਅਸੀਂ ਕਦੀ ਹਾਲ, ਜਿਹੜਾ ਵੀ ਹਾਲ ਅਸੀਂ ਕਿਰਾਏ ਤੇ, ਹਾਲ ਲਿਆ ਉਹਦਾ ਕਿਰਾਇਆ ਨਹੀਂ ਦਿੱਤਾ। ਉਹ ਸਾਨੂੰ ਹਮੇਸ਼ਾ ਫ਼ਰੀ ਮਿਲ ਗਿਆ ਹੈਨਾ। ਉਹਦੇ ਨਾਲ ਹੀ ਫ਼ਰਨੀਚਰ ਵੀ, ਸਪੀਕਰ ਦਾ, ਮਾਇਕ ਵਗ਼ੈਰਾ ਦੇ ਪ੍ਰਬੰਧ ਵੀ ਜਿਹੜੇ ਸੀ ਉਹ ਵੀ ਨਾਲ ਹੀ ਮਿਲਦੇ ਰਹੇ ਸਾਨੂੰ, ਭਾਵੇਂ ਉਹ 'ਦੇਸ਼ ਭਗਤ ਯਾਦਗਾਰ' ਹਾਲ ਵਿਚ ਅਸੀਂ ਕੀਤਾ ਹੋਵੇ, ਭਾਵੇਂ 'ਨਵਾਂ ਜਮਾਨਾ' ਦੇ ਵਿਚ ਪਹਿਲੇ ਫੰਕਸ਼ਨ ਕੀਤੇ ਹੋਣ ਤੇ ਭਾਵੇਂ ਬਾਅਦ ਵਿਚ ਅਸੀਂ ਆ ਕੇ ਜਿਹੜਾ ਜਲੰਧਰ ਦੇ ਪਾਰਟੀ ਆਫਿਸ ਵਿਚ ਕੀਤੇ, ਅਸੀਂ ਕਦੀ ਕਿਸੇ ਵੀ ਹਾਲ ਦਾ ਕਿਰਾਇਆ ਨਹੀਂ ਦਿੱਤਾ। ਜਿਹੜਾ 'ਨਵਾਂ ਜਮਾਨਾ' ਵਿਚ ਛਾਪਣ, ਛਾਪਣ ਦਾ ਖ਼ਰਚਾ ਹੁੰਦਾ ਉਹ ਵੀ, ਉਹਦੇ ਲਈ ਵੀ ਅਸੀਂ, ਸਾਡਾ ਕੋਈ ਖ਼ਰਚਾ ਨਹੀਂ ਹੋਇਆ। ਜਿਹੜਾ ਰੋਟੀ ਪਾਣੀ ਤੇ ਚਾਹ ਪਾਣੀ ਤੇ ਇੰਨਵੀਟੇਸ਼ਨ ਕਾਰਡਸ ਭੇਜਣ ਦਾ ਖ਼ਰਚਾ ਹੁੰਦਾ ਸੀ ਉਹ ਮੈਂ 'ਬੀਬੀ ਸਵਰਨ ਕੌਰ' ਜਿਹੜਾ ਟਰੱਸਟ ਬਣਾਇਆ ਸੀ, ਅਸੀਂ ਉਹਦੇ ਵਿਚੋਂ ਮਤਲਬ ਬੇਸੀਕਲੀ ਕਹਿ ਲਉ ਕਿ ਮੇਰੀ ਪਾਕਿਟ ਵਿਚੋਂ ਉਹ ਖ਼ਰਚਾ ਹੁੰਦਾ ਸੀ, ਜਿਨ੍ਹਾਂ ਵੀ ਹੋ ਜਾਵੇ ਉਹਦੇ, ਉਹਦੇ ਬਾਰੇ ਕਦੇ ਅਸੀਂ ਹਿਸਾਬ ਨਹੀਂ ਕੀਤਾ, ਉਹ ਸੈਲਫ਼ ਫੰਡਿੰਗ ਕਹਿ ਲਉ, ਉਹਦੇ ਲਈ ਸੀ। ਜਿਹੜਾ ਇਥੇ ਡਲਹੌਜੀ ਗੋਸ਼ਟੀ ਵਾਲਾ ਫੰਡਿੰਗ ਦਾ ਮਾਮਲਾ ਹੈਗਾ, ਇਹਦੇ ਵਿਚ ਵੀ ਤਿੰਨ ਚਾਰਾਂ, ਤਿੰਨ-ਚਾਰ ਤਰ੍ਹਾਂ ਦੇ ਖ਼ਰਚੇ ਹੈਗੇ ਆ। ਪਹਿਲਾਂ ਤਾਂ ਹੈਗੀ ਹੈ ਜਿਹੜੀ ਪਰੇਪ੍ਰੈਸ਼ਨ ਵੇਲੇ ਦੇ ਖ਼ਰਚੇ ਆ, ਈ-ਮੇਲਾਂ ਭੇਜਣੀਆਂ ਜਾਂ ਫੋਟੋਕਾਪੀਆਂ ਕਰਨੀਆਂ ਇਹ ਕਰਨਾ ਹੈ ਨਾ, ਉਹ ਜਿਹੜਾ, ਉਹ ਜਿਹੜਾ ਕਰਵਾ ਰਿਹਾ ਹੋਵੇ ਉਹੀ ਦੇ ਦਿੰਦਾ ਹੈ। ਜੇ ਉਹ ਡਾਕਟਰ ਰਜਨੀਸ਼ ਬਹਾਦਰ ਕਰਾ ਰਿਹਾ ਹੈ ਤੇ ਉਹ ਉਹੋ ਦੇ ਦਿੰਦਾ ਹੈ, ਤੇ ਜੇ ਮੈਂ ਕਰਵਾ ਰਿਹਾਂ ਮੈਂ ਦੇ ਦਿੰਨਾਂ। ਸੁ ਉਹਦੇ ਬਾਰੇ ਕਦੀਂ ਅਸੀਂ ਆਪਸ ਵਿਚ ਹਿਸਾਬ ਨਹੀਂ ਕੀਤਾ। ਦੂਜਾ ਹੁੰਦਾ ਖ਼ਰਚਾ ਕਿ ਉਥੋਂ ਟ੍ਰਾਂਸਪੋਰਟੇਸ਼ਨ ਦਾ, ਜਲੰਧਰੋਂ ਡਲਹੌਜੀ ਪਹੁੰਚਣ ਦਾ ਉਹ ਵੀ ਜਿਹਦੀ ਟ੍ਰਾਂਸਪੋਰਟ ਹੋਵੇ ਉਹੀ ਕਰ ਲੈਂਦਾ ਹੈ ਆਮ ਤੌਰ ਤੇ, ਹੈਨਾ, ਜਿਹੜਾ ਕਾਰ ਲੈ ਕੇ ਆਉਂਦਾ ਹੈ ਆਪਣੀ ਉਹ ਕਰ ਲੈਂਦਾ। ਜੇ ਕੋਈ ਕਾਰਾਂ ਸਫੀਸ਼ੈਂਟ ਨਾ ਆ ਰਹੀਆਂ ਹੋਣ, ਪੂਰੀਆਂ ਨਾ ਆ ਰਹੀਆਂ ਹੋਣ ਫੇਰ ਜਿਹੜਾ ਵੀ ਬੱਸ ਚ ਕੋਈ ਆਇਆ ਆਪਣਾ ਕਿਰਾਇਆ ਖ਼ਰਚ ਕੇ ਆ ਜਾਂਦਾ ਹੈ, ਇਸ ਕਰਕੇ ਅਸੀਂ ਕਦੀ ਉਹਦਾ, ਮਤਲਬ ਜਿਹੜਾ ਖਰਚਾ ਹੈ ਉਹਦਾ ਵੀ ਕਦੀ ਹਿਸਾਬ ਨਹੀਂ ਕੀਤਾ। ਤੀਜਾ ਖ਼ਰਚਾ ਜਿਹੜਾ ਇਹ ਹੈ ਉਹ ਇਥੇ 'ਮੇਹਰ' ਹੋਟਲ ਵਿਚ ਰਿਹਾਇਸ਼ ਦਾ ਹੁੰਦਾ ਹੈ। ਉਹ ਬਾਵਾ ਜੀ ਨੇ ਕਦੀਂ, ਮਨਮੋਹਨ ਬਾਵਾ ਜੀ ਦਾ ਹੋਟਲ ਆ, ਉਨ੍ਹਾਂ ਨੇ ਕਦੀਂ ਉਹ ਖ਼ਰਚਾ ਸਾਡੇ ਕੋਲੋਂ ਰਿਹਾਇਸ਼ ਦਾ ਕੋਈ ਖ਼ਰਚਾ ਨਹੀਂ ਕਦੀ ਵੀ ਲਿਆ ਔਰ ਇਥੇ ਜਿਹੜਾ ਅਸੀਂ ਫੰਕਸ਼ਨ ਕਰਦੇ ਆਂ ਉਹ ਵੀ ਅਸੀਂ ਹੇਠਾਂ 'ਮੇਹਰ' ਹੋਟਲ ਦੇ ਸਟੂਡੀਓ ਵਿਚ ਹੀ ਆਮ ਤੌਰ ਤੇ ਕਰਦੇ ਆਂ। ਸੋ ਉਹਦਾ ਵੀ ਕੋਈ ਖ਼ਰਚਾ ਨਹੀਂ ਹੁੰਦਾ। ਜਿਹੜਾ ਰੋਟੀ ਪਾਣੀ ਦਾ ਖ਼ਰਚਾ ਹੁੰਦਾ ਹੈ ਉਹ ਫੇਰ 'ਬੀਬੀ ਸਵਰਨ ਕੌਰ' ਟਰੱਸਟ ਦੇ ਫੰਡ ਵਿਚੋਂ ਹੋ ਜਾਂਦਾ ਹੈ। ਜਿਹੜਾ ਸਮਝ ਲਉ ਕਿ ਮੇਰੀ ਪੋਕਿਟ ਵਿਚੋਂ ਹੋ ਜਾਂਦਾ ਹੈ। ਸੋ ਇਦਾਂ ਦੇ

ਖ਼ਰਚੇ ਆ ਬਾਕੀ ਅਸੀਂ ਕਿਸੇ ਨੂੰ ਨਾ ਕੋਈ ਆਉਣ ਜਾਣ ਦਾ ਕਦੀਂ ਖ਼ਰਚਾ ਦਿੱਤਾ, ਨਾ ਕਦੀਂ ਕਿਸੇ ਨੂੰ ਪਰਚਾ ਪੜਣ ਦਾ ਖ਼ਰਚਾ ਦਿੱਤਾ, ਨਾ ਅਸੀਂ ਕਦੀ ਕਿਸੇ ਲਈ ਕੋਈ ਸ਼ਰਾਬ ਦਾ ਪ੍ਰਬੰਧ ਕੀਤਾ। ਜੇ ਕਿਸੇ ਨੇ ਕੋਈ ਇਥੇ ਕਰ, ਉਹ ਇਦਾਂ ਦਾ ਕਰਨਾ ਵੀ ਹੋਵੇ ਆਪਣਾ ਪੀਣ ਨੂੰ, ਖਾਣ ਪੀਣ ਦਾ ਕੋਈ, ਉਹ ਆਪਣੀ ਪੌਕਿਟ ਵਿਚੋਂ ਕਰਦੇ ਆ। ਸੋ ਇਦਾਂ ਦੀ ਮਤਲਬ ਕਹਿ ਲਉ ਕਿ ਬਈ ਇਹ ਸੈਲਫ ਫੰਡਿੰਗ ਹੈ ਪਰ ਇਹਦੇ ਵਿਚ ਕੋਨਟ੍ਰੀਬੀਊਸ਼ਨ ਜਿਹੜੀ ਆ ਉਹ ਇਕ, ਉਹ ਇਕੱਲੀ ਮੇਰੀ ਨਹੀਂ ਹੈ ਉਹ ਕੋਨਟ੍ਰੀਬੀਊਸ਼ਨ ਸਾਰਿਆਂ ਦੀ ਹੈਗੀ ਹੈ, ਜਿਹੜੇ ਵੀ ਇਹਦੇ ਵਿਚ ਇਨਵੌਲਵਡ ਆ, ਔਰ ਬੜੇ ਸਿਨਸੀਅਰਲੀ ਸਾਰੇ ਇਨਵੌਲਵਡ ਆ, ਔਰ ਜਿਹੜੇ ਵੀ ਬੰਦੇ ਨੇ ਕਿਸੇ ਨੇ ਇਸ ਗੋਸ਼ਟੀ ਵਿਚ ਹਿੱਸਾ ਲਿਆ ਹੋਵੇ, ਮਤਲਬ ਨਿੱਠ ਕੇ ਹਰ ਰੋਜ ਅੱਠ ਘੰਟੇ ਦੇ ਸੈਸ਼ਨ ਕਰਨੇ ਇਹ ਬਹੁਤ ਵੱਡੀ ਗੱਲ ਆ।